Ph : 0183-282-3017/18

ਨੰ 10747-1049
ਮਿਤੀ 17/09/2025

**<u>Guru Nanak Dev University, Amritsar</u>**
(Established by the State Legislature Act No.21 of 1969)
Accredited with CGPA of 3.85 on four point scale at "A++" grade (highest level) by NAAC and conferred "University with Potential for Excellence" status by UGC
**(Registration Branch )**

ਯੂਨੀਵਰਸਿਟੀ ਨਾਲ ਸਬੰਧਤ ਸਮੂਹ
ਐਜੂਕੇਸ਼ਨ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨ।

ਵਿਸ਼ਾ:- <u>ਵਿਦਿਅਕ ਸਾਲ 2025-26 ਲਈ B.Ed. Semester-I ਦਾ ਦਾਖਲਾ ਮਿਤੀਆਂ ਦਾ ਸ਼ਡਿਊਲ।</u>

ਸ੍ਰੀਮਾਨ ਜੀ/ਮੈਡਮ,

ਆਪ ਜੀ ਨੂੰ ਸੂਚਿਤ ਕੀਤਾ ਜਾਂਦਾ ਹੈ ਕਿ ਸਾਲ 2025-26 ਦੌਰਾਨ ਸਬੰਧਤ ਐਜੂਕੇਸ਼ਨ ਕਾਲਜਾਂ ਵਿਚ B.Ed. Semester-I ਵਿੱਚ ਦਾਖਲ ਹੋਣ ਵਾਲੇ ਵਿਦਿਆਰਥੀਆਂ ਲਈ ਦਾਖਲਾ ਸ਼ਡਿਊਲ ਹੇਠ ਲਿਖੇ ਅਨੁਸਾਰ ਪ੍ਰਵਾਨ ਕੀਤਾ ਗਿਆ ਹੈ :-

**<u>Admission Schedule for B.Ed Semester-I (For Education Colleges)</u>**

| ਲੜੀ ਨੰ: | ਦਾਖਲੇ ਦੀਆਂ ਮਿਤੀਆਂ | | ਯੂਨੀਵਰਸਿਟੀ ਪੋਰਟਲ ਤੇ ਰਿਟਰਨਾਂ/ਫੀਸਾਂ ਜਮ੍ਹਾਂ ਕਰਵਾਉਣ ਦੀ ਮਿਤੀ |
|---|---|---|---|
| 1. | Normal dates of Admission | 22-09-2025 ਤੱਕ | 24-10-2025 |
| 2. | With the late fee of Rs.200/- (With the approval of the DAA) | 23-09-2025 ਤੋਂ 30-09-2025 ਤੱਕ | 24-10-2025 |
| 3. | With the late fee of Rs.1000/- (With the approval of the Vice Chancellor) | 01-10-2025 ਤੋਂ 08-10-2025 ਤੱਕ | 24-10-2025 |
| 4. | With the late fee of Rs.5000/- (With the approval of the Vice Chancellor) | 09-10-2025 ਤੋਂ 17-10-2025 ਤੱਕ | 24-10-2025 |
| 5. | ਉਪਰੋਕਤ ਲੜੀ ਨੰ.(1) ਤੋਂ (4) ਤੱਕ ਦਾਖਲਾ ਸ਼ਡਿਊਲ ਦੀਆਂ ਮਿਤੀਆਂ ਲੰਘ ਜਾਣ ਉਪਰੰਤ ਵਿਦਿਆਰਥੀਆਂ ਕੋਲੋਂ 5000/- ਰੁਪਏ ਲੇਟ ਫੀਸ + 1000/- ਰੁਪਏ ਪ੍ਰਤੀ ਦਿਨ ਦੇ ਹਿਸਾਬ ਨਾਲ ਵੱਧ ਤੋਂ ਵੱਧ 30,000/- ਰੁਪਏ ਉਸੇ ਸਮੈਸਟਰ ਦੀਆਂ ਪ੍ਰੀਖਿਆਵਾਂ ਸ਼ੁਰੂ ਹੋਣ ਦੀ ਮਿਤੀ ਤੋਂ 20 ਦਿਨ ਪਹਿਲਾਂ ਤੱਕ ਬਣਦੇ ਜੁਰਮਾਨੇ ਨਾਲ ਦਾਖਲਾ ਫੀਸ ਲਈ ਜਾਵੇਗੀ ਅਤੇ ਅਜਿਹੇ ਕੇਸਾਂ ਵਾਲੇ ਵਿਦਿਆਰਥੀਆਂ ਨੂੰ ਦਾਖਲੇ ਤੋਂ ਇੱਕ ਹਫਤੇ ਦੇ ਅੰਦਰ-ਅੰਦਰ ਆਪਣੇ ਪ੍ਰੀਖਿਆ ਫਾਰਮ ਜਮ੍ਹਾਂ ਕਰਨ ਅਤੇ ਹੋਰ ਸਬੰਧਤ ਲੋੜੀਂਦੀਆਂ formalities ਪੂਰੀਆਂ ਕਰਨੀਆਂ ਜਰੂਰੀ ਹੋਣਗੀਆਂ। | | |

ਪਰਤੋ ਜੀ....

Scanned with OKEN Scanner

ਟ:-

ਇਸ ਲਈ ਸਬੰਧਤ ਕਾਲਜਾਂ ਦੇ ਪ੍ਰਿੰਸੀਪਲ ਸਾਹਿਬਾਨਾਂ ਨੂੰ ਬੇਨਤੀ ਹੈ ਕਿ ਆਪਣੇ-ਆਪਣੇ ਕਾਲਜਾਂ ਵਿੱਚ ਦਾਖਲ ਕੀਤੇ ਜਾਣ ਵਾਲੇ ਵਿਦਿਆਰਥੀਆਂ ਦੀਆਂ ਆਨਲਾਈਨ ਦਾਖਲਾ ਰਿਟਰਨਾਂ ਅਤੇ ਫੀਸਾਂ ਆਦਿ ਸਬੰਧਤ ਲੋੜੀਂਦੀ ਕਾਰਵਾਈ ਇਸ ਪ੍ਰਵਾਨ ਹੋਏ ਸ਼ਡਿਊਲ ਮੁਤਾਬਕ ਹੀ ਕੀਤੀ ਜਾਵੇ।

ਸਾਰੇ ਸਬੰਧਤ ਕਾਲਜ ਯੂਨੀਵਰਸਿਟੀ ਨਿਯਮਾਂ ਅਨੁਸਾਰ, ਯੋਗ ਵਿਦਿਆਰਥੀਆਂ ਨੂੰ ਹੀ ਦਾਖਲ ਕਰਨ ਅਤੇ ਜੇਕਰ ਕੋਈ ਕਾਲਜ ਕਿਸੇ ਅਯੋਗ ਵਿਦਿਆਰਥੀ(ਆਂ) ਨੂੰ ਦਾਖਲ ਕਰਦੇ ਹਨ ਤਾਂ ਇਸ ਦੀ ਜਿੰਮੇਵਾਰੀ ਸਬੰਧਤ ਕਾਲਜ ਦੀ ਹੋਵੇਗੀ। ਇਹ ਵੀ ਸਪਸ਼ਟ ਕੀਤਾ ਜਾਂਦਾ ਹੈ ਕਿ ਜੇਕਰ ਕਿਸੇ ਅਯੋਗ ਵਿਦਿਆਰਥੀ ਦਾ ਦਾਖਲਾ ਯੂਨੀਵਰਸਿਟੀ ਵਲੋਂ ਰੱਦ ਹੋਣ ਕਾਰਨ ਕਿਸੇ ਤਰ੍ਹਾਂ ਦੇ ਕੋਰਟ ਕੇਸ ਦਾ ਸਾਹਮਣਾ ਕਰਨਾ ਪੈਂਦਾ ਹੈ ਤਾਂ ਇਸ ਦੇ ਖਰਚੇ ਦੀ ਭਰਪਾਈ ਸਬੰਧਤ ਕਾਲਜ ਤੋਂ ਕੀਤੀ ਜਾਵੇਗੀ ਅਤੇ ਯੂਨੀਵਰਸਿਟੀ ਵਲੋਂ ਸਬੰਧਤ ਕਾਲਜ ਨੂੰ ਜੁਰਮਾਨਾ ਵੀ ਕੀਤਾ ਜਾਵੇਗਾ।

ਸਹੀ/-

ਸਹਾਇਕ ਰਜਿਸਟਰਾਰ(ਰਜਿਸਟ੍ਰੇਸ਼ਨ)
ਵਾਸਤੇ ਪ੍ਰੋਫੈਸਰ ਇੰਚਾਰਜ(ਪ੍ਰੀਖਿਆਵਾਂ)

ਪਿੱਠ ਅੰਕਣ ਨੰਬਰ________________ ਮਿਤੀ____________

ਉਪਰੋਕਤ ਦਾ ਉਤਾਰਾ ਹੇਠ ਲਿਖਿਆਂ ਨੂੰ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ :

1. ਸਕੱਤਰ, ਉਪ-ਕੁਲਪਤੀ ਜੀ
2. ਨਿੱਜੀ ਸਹਾਇਕ, ਡੀਨ ਵਿਦਿਅਕ ਮਾਮਲੇ
3. ਨਿੱਜੀ ਸਹਾਇਕ, ਰਜਿਸਟਰਾਰ
4. ਨਿੱਜੀ ਸਹਾਇਕ, ਡੀਨ ਵਿਦਿਆਰਥੀ ਭਲਾਈ
5. ਨਿੱਜੀ ਸਹਾਇਕ, ਡੀਨ ਕਾਲਜ ਵਿਕਾਸ ਕੌਂਸਲ
6. ਨਿੱਜੀ ਸਹਾਇਕ, ਡੀਨ ਐਜੂਕੇਸ਼ਨ ਵਿਭਾਗ
7. ਨਿੱਜੀ ਸਹਾਇਕ, ਡਾਇਰੈਕਟਰ ਰਿਸਰਚ
8. ਨਿੱਜੀ ਸਹਾਇਕ, ਡਾਇਰੈਕਟਰ, ਕਪੈਸਟੀ ਇਨਹਾਂਸਮੈਂਟ ਪ੍ਰੋਗਰਾਮ
9. ਨਿੱਜੀ ਸਹਾਇਕ, ਪ੍ਰੋਫੈਸਰ ਇੰਚਾਰਜ (ਪ੍ਰੀਖਿਆਵਾਂ)
10. ਨਿੱਜੀ ਸਹਾਇਕ, ਪ੍ਰੋਫੈਸਰ ਇੰਚਾਰਜ, ਲੋਕ ਸੰਪਰਕ ਵਿਭਾਗ
11. ਉਪ-ਰਜਿਸਟਰਾਰ(Finance)
12. ਸਿਸਟਮ ਐਡਮਨਿਸਟ੍ਰੇਟਰ (ਕੰਪਿਊਟਰ ਸੈਕਸ਼ਨ(ਪ੍ਰੀਖਿਆਵਾਂ))
13. ਸਿਸਟਮ ਐਡਮਨਿਸਟ੍ਰੇਟਰ (ਲੇਖਾ ਸ਼ਾਖਾ)
14. ਨਿਗਰਾਨ (ਕਾਰਜ ਸੰਚਾਲਨ ਸ਼ਾਖਾ)

ਸਹਾਇਕ ਰਜਿਸਟਰਾਰ(ਰਜਿਸਟ੍ਰੇਸ਼ਨ)
ਵਾਸਤੇ ਪ੍ਰੋਫੈਸਰ ਇੰਚਾਰਜ(ਪ੍ਰੀਖਿਆਵਾਂ)

Scanned with OKEN Scanner